# ਇਸਫਿਨਾਰ ਭੰਡਾਰਾ ਨੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ

## ਕਿਹਾ, ਭਾਰਤ-ਪਾਕਿ ਦਰਮਿਆਨ ਵਪਾਰ ਸ਼ੁਰੂ ਹੋਣਾ ਚਾਹੀਦਾ-ਭੰਡਾਰਾ

ਅੰਮ੍ਰਿਤਸਰ, 8 ਦਸੰਬਰ (ਹਰਮਿੰਦਰ ਸਿੰਘ)-ਪਾਕਿਸਤਾਨ ਦੀ ਕੌਮੀ ਅਸੈਂਬਲੀ ਦੇ ਸੰਸਦ ਮੈਂਬਰ ਇਸਫਿਨਾਰ ਭੰਡਾਰਾ ਨੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਅਤੇ



ਇਸਫਿਨਾਰ ਭੰਡਾਰਾ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਦੌਰਾਨ ਪਰਿਕਰਮਾ 'ਚ ਹੱਥ ਜੋੜ ਕੇ ਖੜ੍ਹੇ। ਤਸਵੀਰ : ਹਰਜੀਤ ਸਿੰਘ

ਕੀਰਤਨ ਸਰਵਨ ਕੀਤਾ। ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਭੰਡਾਰਾ ਨੇ ਦੱਸਿਆ ਕਿ ਉਹ ਇਸ ਤੋਂ ਪਹਿਲਾਂ ਵੀ ਇਸ ਮੁਕੱਦਸ ਸਥਾਨ ਦੇ ਦਰਸ਼ਨ ਕਰ ਚੁੱਕੇ ਹਨ ਅਤੇ ਇਸ ਲਈ ਖ਼ੁਦ ਨੂੰ ਖ਼ੁਸ਼ਨਸੀਬ ਸਮਝਦੇ ਹਨ। ਇਥੇ ਆ ਕੇ ਉਨ੍ਹਾਂ ਨੂੰ ਸਕੂਨ ਅਤੇ ਸਿੱਖ ਭਰਾਵਾਂ ਦਾ ਸਦਾਵਾਲ ਮਿਲਦਾ ਹੈ। ਉਨ੍ਹਾਂ ਕਿਹਾ ਭਾਰਤ ਅਤੇ ਪਾਕਿਸਤਾਨ ਦਰਮਿਆਨ ਕਈ ਮਸਲੇ ਹਨ ਪਰ ਸਿੱਖ ਭਾਈਚਾਰਾ ਅਜਿਹਾ ਹੈ ਜਿਸ ਨੇ ਭਾਰਤ ਅਤੇ ਪਾਕਿਸਤਾਨ ਨੂੰ ਜੋੜ ਕੇ ਰੱਖਿਆ ਹੋਇਆ ਹੈ। ਉਨ੍ਹਾਂ ਕਿਹਾ ਦੋਵੇਂ ਮੁਲਕਾਂ ਦੇ ਇਧਰ ਆਉਣ ਅਤੇ ਉਧਰ ਤੇ ਇਧਰ ਆਉਣ ਲਈ ਦਿੱਤੇ ਜਾਣ ਵਾਲੇ ਵੀਜ਼ਿਆਂ 'ਚ ਹੋਣ ਵਾਲੀ ਕਟੌਤੀ ਦੇ ਮਾਮਲੇ 'ਚ ਸੰਸਦ ਮੈਂਬਰ ਹੋਣ ਨਾਤੇ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਦੇ ਹਾਈ ਕਮਿਸ਼ਨ ਨਾਲ ਕਈ ਵਾਰ ਗੱਲਬਾਤ ਕੀਤੀ ਹੈ। ਉਨ੍ਹਾਂ ਦੋਵੇਂ ਸਰਕਾਰਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਦੋਵੇਂ ਮੁਲਕਾਂ ਦੇ ਲੋਕਾਂ ਨੂੰ ਆਪਣੇ ਮੁਕੱਦਸ ਸਥਾਨਾਂ ਦੇ ਦਰਸ਼ਨ ਲਈ ਜਾਣ ਵਾਸਤੇ ਵੀਜ਼ਿਆਂ 'ਚ ਕੋਈ ਰੁਕਾਵਟ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕਿਹਾ ਵਪਾਰ ਨੂੰ ਪ੍ਰਫੁੱਲਤ ਕਰਨ ਲਈ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨਾਲ ਭਾਰਤ-ਪਾਕਿਸਤਾਨ ਦਰਮਿਆਨ ਵਪਾਰ ਸ਼ੁਰੂ ਕਰਨ ਲਈ ਗੱਲ ਹੋਈ ਹੈ। ਇਸ ਵਿਚ ਪਾਕਿਸਤਾਨ ਨੂੰ ਵਧੇਰੇ ਲਾਭ ਮਿਲੇਗਾ। ਉਨ੍ਹਾਂ ਕਿਹਾ ਇਮਰਾਨ ਖਾਨ ਦੀ ਸਰਕਾਰ ਵਲੋਂ 2021 ਵਿਚ ਸਰਹੱਦ ਨੂੰ ਬੰਦ ਕਰਨ ਦਾ ਜੋ ਕਦਮ ਚੁੱਕਿਆ ਗਿਆ, ਉਹ ਸਭ ਤੋਂ ਮਾੜਾ ਕਦਮ ਸੀ।

# ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਜਾਰੀ

## ਹਰਿਆਣਾ ਪੁਲਿਸ ਦੇ ਪੱਤਰਕਾਰਾਂ ਨਾਲ ਦੁਰਵਿਹਾਰ ਦੀ ਕੀਤੀ ਨਿੰਦਾ

ਸ਼ੁਤਰਾਣਾ (ਪਟਿਆਲਾ), 8 ਦਸੰਬਰ (ਬਲਦੇਵ ਸਿੰਘ ਮਹਿਰੋਕ)-ਢਾਬੀਗੁੱਜਰਾਂ (ਖਨੌਰੀ) ਸਰਹੱਦ 'ਤੇ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਅੱਜ 12ਵੇਂ ਦਿਨ ਵੀ ਜਾਰੀ ਹੈ ਤੇ ਡਾਕਟਰਾਂ ਦੀ ਟੀਮ ਵਲੋਂ ਰੋਜ਼ਾਨਾ ਵਾਂਗ ਅੱਜ ਵੀ ਡੱਲੇਵਾਲ ਦੀ ਸਿਹਤ ਸੰਬੰਧੀ ਕੀਤੀ ਜਾਂਚ ਤੋਂ ਬਾਅਦ ਦੱਸਿਆ ਗਿਆ ਕਿ ਉਨ੍ਹਾਂ ਦੀ ਸਿਹਤ ਲਗਾਤਾਰ ਖ਼ਰਾਬ ਹੋ ਰਹੀ ਹੈ। ਕਿਸਾਨ ਆਗੂ ਡੱਲੇਵਾਲ ਨੇ ਪ੍ਰੈੱਸ ਮਿਲਣੀ ਦੌਰਾਨ ਸਿਰਫ਼ ਸ਼ੰਭੂ ਸਰਹੱਦ 'ਤੇ ਦਿੱਲੀ ਜਾਣ ਵਾਲੇ 101 ਕਿਸਾਨਾਂ ਦੇ ਜਥੇ ਦੌਰਾਨ ਹਰਿਆਣਾ ਪੁਲਿਸ ਵਲੋਂ ਪੱਤਰਕਾਰਾਂ ਨਾਲ ਕੀਤੇ ਗਏ ਦੁਰਵਿਹਾਰ ਦੀ ਨਿੰਦਿਆ ਲਈ ਕੁਝ ਸ਼ਬਦ ਬੋਲੇ ਤੇ ਪੱਤਰਕਾਰਾਂ ਦਾ ਸਿਰਫ਼ ਧੰਨਵਾਦ ਹੀ ਕੀਤਾ। ਇਸ ਦੌਰਾਨ ਕਿਸਾਨ ਆਗੂ ਇੰਦਰਜੀਤ ਸਿੰਘ ਕੋਟਬੁੱਢਾ, ਅਭਿਮੰਨਿਊ ਕੋਹਾੜ ਹਰਿਆਣਾ, ਬਲਦੇਵ ਸਿੰਘ ਸਿਰਸਾ, ਸੁਖਜੀਤ ਸਿੰਘ ਹਰਦੋਝੰਡੇ, ਯਾਦਵਿੰਦਰ ਸਿੰਘ ਬੁਰਜ਼, ਰਘੁਬੀਰ ਸਿੰਘ ਭੰਗਾਲਾ, ਲਖਵਿੰਦਰ ਸਿੰਘ ਔਜਲਾ ਸਮੇਤ ਹੋਰ ਕਿਸਾਨ ਆਗੂਆਂ ਨੇ ਸ਼ੰਭੂ ਸਰਹੱਦ 'ਤੇ ਮੀਡੀਆ ਨਾਲ ਕੀਤੇ ਮਾੜੇ ਵਿਵਹਾਰ ਦੀ ਸਖ਼ਤ ਸ਼ਬਦਾਂ 'ਚ ਨਿੰਦਿਆ ਕਰਦਿਆਂ ਕਿਹਾ ਕਿ ਮਰਨ ਵਰਤ 'ਤੇ ਬੈਠੇ ਡੱਲੇਵਾਲ ਦੀ ਸਿਹਤ ਦਿਨੋਂ-ਦਿਨ ਖ਼ਰਾਬ ਹੁੰਦੀ ਜਾ ਰਹੀ ਹੈ ਪਰ ਗੂੰਗੀ ਤੇ ਅੰਨ੍ਹੀ-ਬੋਲੀ ਕੇਂਦਰ ਸਰਕਾਰ ਨੂੰ ਮਰਨ ਵਰਤ 'ਤੇ ਬੈਠੇ ਜਗਜੀਤ ਸਿੰਘ ਦੀ ਵਿਗੜ ਰਹੀ ਸਿਹਤ ਦਾ ਬਿਲਕੁਲ ਵੀ ਖਿਆਲ ਨਹੀਂ। ਕਿਸਾਨ ਆਗੂਆਂ ਵਲੋਂ ਕਿਸਾਨਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਅੰਦੋਲਨ ਵਾਲੀ ਜਗ੍ਹਾ 'ਤੇ ਕਿਸਾਨਾਂ ਦੇ ਤੰਬੂਆਂ ਜਾਂ ਸਟੇਜ ਦੇ ਨੇੜੇ ਕਿਸੇ ਵੀ ਸ਼ੱਕੀ ਵਿਅਕਤੀ ਨੂੰ ਆਉਣ ਦੀ ਇਜਾਜ਼ਤ ਨਾ ਦਿੱਤੀ ਜਾਵੇ। ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਡੱਲੇਵਾਲ ਨੂੰ ਕੁਝ ਹੁੰਦਾ ਹੈ ਤਾਂ ਉਸ ਦੇ ਜ਼ਿੰਮੇਵਾਰ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਹੋਣਗੇ।



ਢਾਬੀਗੁੱਜਰਾਂ (ਖਨੌਰੀ) ਸਰਹੱਦ 'ਤੇ ਪ੍ਰੈੱਸ ਮਿਲਣੀ ਦੌਰਾਨ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਤੇ ਨਾਲ ਹੋਰ। ਤਸਵੀਰ : ਬਲਦੇਵ ਸਿੰਘ ਮਹਿਰਕ





ਡਾ. ਅੰਬੇਡਕਰ ਦੇ ਪ੍ਰੀਨਿਰਵਾਣ ਦਿਵਸ ਨੂੰ ਸਮਰਪਿਤ ਕਰਵਾਏ ਸੂਬਾ ਪੱਧਰੀ ਸੰਮੇਲਨ ਦੌਰਾਨ ਪਾਰਟੀ 'ਚ ਸ਼ਾਮਿਲ ਹੋਏ ਆਗੂਆਂ ਦਾ ਸਵਾਗਤ ਕਰਦੇ ਹੋਏ ਅਵਤਾਰ ਸਿੰਘ ਕਰੀਮਪੁਰੀ, ਰਣਧੀਰ ਸਿੰਘ ਬੈਣੀਵਾਲ, ਵਿਪੁਲ ਕੁਮਾਰ, ਡਾ. ਨਛੱਤਰ ਪਾਲ ਤੇ ਹੋਰ ਆਗੂ। ਤਸਵੀਰ : ਮੁਨੀਸ਼



ਸਹਿਕਾਰ ਭਾਰਤੀ ਦਾ ਵਿਸ਼ੇਸ਼ ਸੋਵੀਨਾਰ ਜਾਰੀ ਕਰਦੇ ਹੋਏ ਕੇਂਦਰੀ ਮੰਤਰੀ ਨਿਤਿਨ ਗਡਕਰੀ, ਨਾਲ ਦੀਨਾਨਾਥ ਠਾਕੁਰ, ਡਾ: ਉਦੈ ਜੋਸ਼ੀ, ਦੀਪਕ ਚੌਰਸੀਆ, ਰਮੇਸ਼ ਵੈਦਿਆ ਅਤੇ ਅਸ਼ਵਨੀ ਮਲਹੋਤਰਾ। ਤਸਵੀਰ : ਹਰਜੀਤ ਸਿੰਘ

# ਕਿਸਾਨਾਂ ਦੀ ਹਾਲਤ ਠੀਕ ਨਹੀਂ, ਖੇਤੀ ਖੇਤਰ ਨੂੰ ਖ਼ੁਸ਼ਹਾਲ ਕਰਨਾ ਜ਼ਰੂਰੀ-ਗਡਕਰੀ

ਅੰਮ੍ਰਿਤਸਰ, 8 ਦਸੰਬਰ (ਸੁਰਿੰਦਰ ਕੋਛੜ)-ਸਹਿਕਾਰ ਭਾਰਤੀ ਦੀ 8ਵੀਂ ਕੌਮੀ ਕਨਵੈਂਨਸ਼ਨ ਮੌਕੇ ਅੱਜ ਅੰਮ੍ਰਿਤਸਰ ਪਹੁੰਚੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੇ ਵਿਕਾਸ ਲਈ ਪਿੰਡਾਂ ਦੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਅਮੀਰ ਕਰਨਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਦੇ ਵਿਕਾਸ ਦਾ 12 ਤੋਂ 14 ਫ਼ੀਸਦੀ ਹਿੱਸਾ ਖੇਤੀਬਾੜੀ ਅਤੇ ਸਹਾਇਕ ਉਦਯੋਗਾਂ ਤੋਂ ਆਉਂਦਾ ਹੈ। ਜਦਕਿ 22 ਤੋਂ 24 ਫ਼ੀਸਦੀ ਤਕ ਦਾ ਵਾਧਾ ਨਿਰਮਾਣ ਖੇਤਰ ਅਤੇ 52 ਤੋਂ 54 ਫ਼ੀਸਦੀ ਵਾਧਾ ਸੇਵਾ ਖੇਤਰ ਤੋਂ ਆ ਰਿਹਾ ਹੈ। ਕੇਂਦਰੀ ਮੰਤਰੀ ਨੇ ਕਿਹਾ ਕਿ ਪਹਿਲਾਂ ਜਦੋਂ ਮਹਾਤਮਾ ਗਾਂਧੀ ਨੇ ਸੁਤੰਤਰਤਾ ਅੰਦੋਲਨ ਸ਼ੁਰੂ ਕੀਤਾ ਸੀ ਤਾਂ 90 ਫ਼ੀਸਦੀ ਆਬਾਦੀ ਪਿੰਡਾਂ 'ਚ ਰਹਿੰਦੀ ਸੀ, ਪਰ ਹੁਣ ਲੋਕ ਪਿੰਡਾਂ 'ਚ ਨਹੀਂ ਰਹਿ ਰਹੇ ਅਤੇ 30 ਫ਼ੀਸਦੀ ਆਬਾਦੀ ਪਿੰਡ ਛੱਡ ਕੇ ਵੱਡੇ ਸ਼ਹਿਰਾਂ 'ਚ ਚਲੀ ਗਈ ਹੈ। ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਨੇੜੇ ਬੀ-ਬਲਾਕ 'ਚ ਕੌਮੀ ਪ੍ਰਧਾਨ ਦੀਨਾਨਾਥ ਠਾਕੁਰ ਅਤੇ ਕੌਮੀ ਜਨਰਲ ਸਕੱਤਰ ਡਾ: ਉਦੈ ਜੋਸ਼ੀ ਦੀ ਪ੍ਰਧਾਨਗੀ ਹੇਠ ਚੱਲ ਰਹੀ 8ਵੀਂ ਕੌਮੀ ਕਨਵੈਂਨਸ਼ਨ 'ਚ ਸਹਿਯੋਗ ਨੂੰ ਸਮਰਪਿਤ ਸਹਿਕਾਰ ਭਾਰਤੀ ਦੇ ਦੇਸ਼ ਭਰ ਤੋਂ 2500 ਤੋਂ ਵੱਧ ਡੈਲੀਗੇਟ ਨੇ ਹਿੱਸਾ ਲਿਆ। ਜਿਨ੍ਹਾਂ ਨੂੰ ਸੰਬੋਧਨ ਕਰਦਿਆਂ ਗਡਕਰੀ ਨੇ ਕਿਹਾ ਕਿ ਲੋਕ ਵੱਡੇ ਸ਼ਹਿਰਾਂ ਅੰਦਰ ਝੁੱਗੀਆਂ-ਝੌਂਪੜੀਆਂ 'ਚ ਰਹਿ ਰਹੇ ਹਨ। ਉਹ ਮਜਬੂਰੀ ਦੀ ਹਾਲਤ 'ਚ ਸ਼ਹਿਰਾਂ ਵਿਚ ਗਏ, ਕਿਉਂਕਿ ਪਿੰਡਾਂ 'ਚ ਚੰਗੇ ਘਰ ਅਤੇ ਸਹੂਲਤਾਂ ਨਹੀਂ ਹਨ। ਸਾਡੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਹਾਲਤ ਚੰਗੀ ਨਹੀਂ ਹੈ। ਜੇਕਰ ਅੱਜ ਅਸੀਂ ਆਪਣੀ ਆਰਥਿਕਤਾ ਨੂੰ ਮਜ਼ਬੂਤ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਪਿੰਡਾਂ, ਗ਼ਰੀਬਾਂ, ਕਿਸਾਨਾਂ, ਮਜ਼ਦੂਰਾਂ ਸਮੇਤ ਪੇਂਡੂ ਅਤੇ ਖੇਤੀਬਾੜੀ ਅਤੇ ਜੰਗਲੀ ਖੇਤਰਾਂ ਨੂੰ ਅਮੀਰ ਬਣਾਉਣਾ ਹੋਵੇਗਾ। ਸਾਨੂੰ ਜੰਗਲ ਆਧਾਰਿਤ ਉਦਯੋਗ ਨੂੰ ਮਜ਼ਬੂਤ ਕਰਨਾ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਖੇਤੀ 'ਚ ਨਵੀਆਂ ਤਕਨੀਕਾਂ ਆ ਰਹੀਆਂ ਹਨ। ਜੇਕਰ ਪਿੰਡਾਂ ਦਾ ਪੱਧਰ ਉੱਚਾ ਚੁੱਕਣਾ ਹੈ ਤਾਂ ਕਿਸਾਨਾਂ ਨੂੰ ਸਹਿਕਾਰੀ ਖੇਤਰ 'ਚ ਪਹਿਲ ਦੇ ਆਧਾਰ 'ਤੇ ਰੱਖੋ। ਉਨ੍ਹਾਂ ਕਿਹਾ ਕਿ

**• ਕਿਹਾ, ਖੇਤੀਬਾੜੀ 'ਚ ਨਵੀਂ ਤਕਨੀਕ ਲਿਆਉਣ ਦੀ ਲੋੜ**
**• ਇੰਡੀਅਨ ਆਇਲ ਦੇਸ਼ 'ਚ ਲਗਾਏਗਾ 400 ਈਥਾਨੌਲ ਪੰਪ**

ਇਹ ਔਖਾ ਹੈ, ਪਰ ਅਸੰਭਵ ਨਹੀਂ ਹੈ। ਸਾਡਾ ਕਿਸਾਨ ਹੁਣ ਅੰਨਦਾਤਾ ਨਹੀਂ ਰਿਹਾ, ਉਹ ਊਰਜਾ ਅਤੇ ਬਾਲਣ ਦਾ ਪ੍ਰਦਾਤਾ ਬਣ ਗਿਆ ਹੈ। ਉਹ ਖ਼ੁਦ ਪੈਟਰੋਲ ਅਤੇ ਡੀਜ਼ਲ ਦੇ ਖ਼ਿਲਾਫ਼ ਹੈ। ਸਾਡੀਆਂ ਖੰਡ ਮਿੱਲਾਂ 'ਚੋਂ ਨਿਕਲਣ ਵਾਲੇ ਸ਼ੀਰੇ ਤੋਂ ਈਥਾਨੌਲ ਬਣਦਾ ਹੈ, ਚੌਲਾਂ ਤੋਂ ਈਥਾਨੌਲ, ਬਾਂਸ ਆਦਿ ਤੋਂ ਵੀ ਈਥਾਨੌਲ ਬਣਦਾ ਹੈ। ਇਹ ਸਭ ਕਿਸਾਨ ਉਗਾਉਂਦੇ ਹਨ। ਇਸ ਲਈ ਕਿਸਾਨ ਊਰਜਾ ਅਤੇ ਬਾਲਣ ਦਾ ਪ੍ਰਦਾਤਾ ਹੈ। ਜੇਕਰ ਵਾਹਨਾਂ ਦੀ ਕੀਮਤ ਦੀ ਗੱਲ ਕਰੀਏ ਤਾਂ ਪੈਟਰੋਲ ਦੇ ਮੁਕਾਬਲੇ ਈਥਾਨੌਲ ਦੀ ਕੀਮਤ 25 ਰੁਪਏ ਪ੍ਰਤੀ ਲੀਟਰ ਹੈ। ਗੜਕਰੀ ਨੇ ਕਿਹਾ ਕਿ ਇੰਡੀਅਨ ਆਇਲ ਨੇ 400 ਈਥਾਨੌਲ ਪੰਪ ਲਗਾਉਣ ਦਾ ਫ਼ੈਸਲਾ ਕੀਤਾ ਹੈ। ਅੱਜ ਸਾਡੇ ਦੇਸ਼ 'ਚ ਟਾਟਾ, ਮਹਿੰਦਰਾ, ਸੁਜ਼ੂਕੀ, ਟੋਇਟਾ ਅਤੇ ਹੌਂਡਾ 100 ਫ਼ੀਸਦੀ ਫਲੈਕਸ ਇੰਜਨ ਲਿਆ ਰਹੇ ਹਨ। ਅਸੀਂ 82 ਲੱਖ ਕਰੋੜ ਰੁਪਏ ਦੇ ਜੈਵਿਕ ਬਾਲਣ ਦਾ ਆਯਾਤ ਕਰਦੇ ਹਾਂ। ਅਸੀਂ ਸਾਲ 2004 ਤੋਂ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੇ ਹਾਂ ਕਿ ਉਕਤ ਰਕਮ 'ਚੋਂ 15 ਲੱਖ ਕਰੋੜ ਰੁਪਏ ਕਿਸਾਨਾਂ ਦੀਆਂ ਜੇਬਾਂ 'ਚ ਜਾਣ। ਬਜਾਜ, ਟੀ. ਵੀ. ਐੱਸ., ਹੀਰੋ, ਹਾਂਡਾ ਆਪਣੇ ਸਕੂਟਰ ਈਥਾਨੌਲ 'ਤੇ ਲਾਂਚ ਕਰ ਰਹੇ ਹਨ। ਇਹ ਈਥਾਨੌਲ ਪਰਾਲੀ ਤੋਂ ਬਣਾਇਆ ਜਾਂਦਾ ਹੈ, ਜਿਸ ਨੂੰ ਪੰਜਾਬ 'ਚ ਧੜੱਲੇ ਨਾਲ ਸਾੜਿਆ ਜਾਂਦਾ ਹੈ। ਕੇਂਦਰੀ ਮੰਤਰੀ ਗਡਕਰੀ ਨੇ ਕਿਹਾ ਕਿ ਹੁਣ ਇਲੈਕਟ੍ਰਿਕ, ਸੀ. ਐੱਨ. ਜੀ. ਅਤੇ ਈਥਾਨੌਲ 'ਤੇ ਚੱਲਣ ਵਾਲੇ ਟਰੈਕਟਰ ਆ ਰਹੇ ਹਨ। ਇਸ ਦੌਰਾਨ ਕੇਂਦਰੀ ਮੰਤਰੀ ਨੇ ਸਹਿਕਾਰ ਭਾਰਤੀ ਦਾ ਵਿਸ਼ੇਸ਼ ਸੋਵੀਨਾਰ ਵੀ ਜਾਰੀ ਕੀਤਾ। ਕਨਵੈਂਨਸ਼ਨ ਮੌਕੇ ਕੌਮੀ ਪ੍ਰਧਾਨ ਦੀਨਾਨਾਥ ਠਾਕੁਰ ਨੇ ਕਿਹਾ ਕਿ ਜਦੋਂ 2021 'ਚ ਸਹਿਕਾਰਤਾ ਮੰਤਰਾਲੇ ਦੀ ਸਥਾਪਨਾ ਹੋਈ ਤਾਂ ਦੇਸ਼ 'ਚ ਸਹਿਯੋਗ ਪ੍ਰਤੀ ਨਵੀਂ ਚੇਤਨਾ ਦਾ ਨਿਰਮਾਣ ਹੋਇਆ। ਇਸ ਤੋਂ ਬਾਅਦ ਸਹਿਕਾਰਤਾ ਖੇਤਰ ਨੂੰ ਨਵਾਂ ਮਾਣ ਮਿਲਿਆ ਹੈ। ਸਾਨੂੰ ਸਾਰਿਆਂ ਨੂੰ ਇਸ ਗੱਲ 'ਤੇ ਮਾਣ ਹੋਣਾ ਚਾਹੀਦਾ ਹੈ ਕਿ ਸਹਿਕਾਰ ਭਾਰਤੀ ਨੇ ਇਸ ਲਈ ਸਭ ਤੋਂ ਵੱਧ ਯੋਗਦਾਨ ਪਾਇਆ ਹੈ। ਤਿੰਨ ਰੋਜ਼ਾ ਇਜਲਾਸ 'ਚ ਸਹਿਕਾਰ ਭਾਰਤੀ ਦੇ ਅਗਲੇ ਤਿੰਨ ਸਾਲਾਂ ਦੀ ਕਾਰਜ ਯੋਜਨਾ 'ਤੇ ਵੀ ਚਰਚਾ ਕੀਤੀ ਗਈ। ਉਨ੍ਹਾਂ ਕਿਹਾ ਕਿ ਸਹਿਕਾਰਤਾ ਕੇਵਲ ਆਰਥਿਕ ਅਤੇ ਰਾਜਨੀਤਿਕ ਖ਼ਾਹਿਸ਼ਾਂ ਦਾ ਮਾਧਿਅਮ ਹੀ ਨਹੀਂ ਸਗੋਂ ਸਮਾਜਿਕ ਸਦਭਾਵਨਾ ਦੀ ਉਸਾਰੀ ਦਾ ਇਕ ਸਾਧਨ ਵੀ ਹੈ। ਜੇਕਰ ਸਮਾਜ 'ਚ ਸਦਭਾਵਨਾ ਨਹੀਂ ਰਹੇਗੀ ਤਾਂ ਸਮਾਜ 'ਚ ਸ਼ਾਂਤੀ ਨਹੀਂ ਰਹੇਗੀ। ਇਸ ਮੌਕੇ 'ਤੇ ਡਾ: ਉਦੈ ਜੋਸ਼ੀ, ਦੀਪਕ ਚੌਰਸੀਆ, ਰਮੇਸ਼ ਵੈਦਿਆ ਅਤੇ ਅਸ਼ਵਨੀ ਮਲਹੋਤਰਾ ਆਦਿ ਵੀ ਹਾਜ਼ਰ ਸਨ।

# ਸੁਖਬੀਰ ਸਿੰਘ ਬਾਦਲ ਅੱਜ ਤੇ ਕੱਲ੍ਹ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਨਿਭਾਉਣਗੇ ਧਾਰਮਿਕ ਸਜ਼ਾ

ਬਠਿੰਡਾ, 8 ਦਸੰਬਰ (ਸੱਤਪਾਲ ਸਿੰਘ ਸਿਵੀਆਂ)-ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅੱਜ ਤੇ ਕੱਲ੍ਹ (9 ਤੇ 10 ਦਸੰਬਰ) ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਧਾਰਮਿਕ ਸਜ਼ਾ ਨਿਭਾਉਣਗੇ। ਬਾਕੀ ਅਕਾਲੀ ਆਗੂ ਵੀ ਇਥੇ ਆਪਣੀ ਧਾਰਮਿਕ ਸਜ਼ਾ ਨਿਭਾਉਣਗੇ। ਉਨ੍ਹਾਂ ਦੀ ਆਮਦ ਨੂੰ ਲੈ ਕੇ ਜ਼ਿਲ੍ਹਾ ਪੁਲਿਸ ਪ੍ਰਸ਼ਾਸਨ ਵਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਮੁਸਤੈਦੀ ਵਧਾ ਦਿੱਤੀ ਗਈ ਹੈ, ਕਿਉਂਕਿ ਬੀਤੇ ਦਿਨੀਂ ਸੁਖਬੀਰ 'ਤੇ ਹੋਏ ਹਮਲੇ ਬਾਅਦ ਪੰਜਾਬ ਪੁਲਿਸ ਉਨ੍ਹਾਂ ਦੀ ਸੁਰੱਖਿਆ ਨੂੰ ਲੈ ਕੇ ਚੌਕਸ ਹੈ। ਉੱਧਰ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ, ਸੁਖਦੇਵ ਸਿੰਘ ਢੀਂਡਸਾ, ਬਿਕਰਮ ਸਿੰਘ ਮਜੀਠੀਆ, ਡਾ. ਦਲਜੀਤ ਸਿੰਘ ਚੀਮਾ, ਆਦੇਸ਼ ਪ੍ਰਤਾਪ ਸਿੰਘ ਕੈਰੋਂ, ਸੁੱਚਾ ਸਿੰਘ ਲੰਗਾਹ, ਚਰਨਜੀਤ ਸਿੰਘ ਅਟਵਾਲ, ਮਹੇਸ਼ਇੰਦਰ ਸਿੰਘ ਗਰੇਵਾਲ, ਗੁਲਜ਼ਾਰ ਸਿੰਘ ਰਣੀਕੇ, ਹੀਰਾ ਸਿੰਘ ਗਾਬੜੀਆ ਤੇ ਬੀਬੀ ਜਗੀਰ ਕੌਰ ਨੂੰ ਭਾਰੀ ਸੁਰੱਖਿਆ ਮੁਹੱਈਆ ਕਰਵਾਈ ਗਈ ਹੈ।

### 11 ਤੇ 12 ਨੂੰ ਸ੍ਰੀ ਮੁਕਤਸਰ ਸਾਹਿਬ ਵਿਖੇ ਸੇਵਾ ਕਰਨ ਲਈ ਪੁੱਜਣਗੇ

ਸ੍ਰੀ ਮੁਕਤਸਰ ਸਾਹਿਬ, 8 ਦਸੰਬਰ (ਸੁਖਪਾਲ ਸਿੰਘ ਢਿੱਲੋਂ)-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਲੋਂ ਲਗਾਈ ਗਈ ਸੇਵਾ ਤਹਿਤ ਸੁਖਬੀਰ ਸਿੰਘ ਬਾਦਲ 11 ਤੇ 12 ਦਸੰਬਰ (ਬੁੱਧਵਾਰ ਤੇ ਵੀਰਵਾਰ) ਨੂੰ ਸ੍ਰੀ ਮੁਕਤਸਰ ਸਾਹਿਬ ਸਥਿਤ ਸ੍ਰੀ ਦਰਬਾਰ ਸਾਹਿਬ ਵਿਖੇ ਸੇਵਾ ਕਰਨ ਲਈ ਪੁੱਜਣਗੇ। ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦਿਹਾਤੀ ਦੇ ਪ੍ਰਧਾਨ ਪ੍ਰੀਤਇੰਦਰ ਸਿੰਘ ਸੰਮੇਵਾਲੀ ਨੇ ਦੱਸਿਆ ਕਿ 11 ਦਸੰਬਰ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਸਵੇਰੇ 9 ਵਜੇ ਸੁਖਬੀਰ ਸਿੰਘ ਬਾਦਲ ਪਹਿਰੇਦਾਰ ਵਜੋਂ ਆਪਣੀ ਸੇਵਾ ਸ਼ੁਰੂ ਕਰਨਗੇ ਤੇ 10 ਵਜੇ ਤੱਕ ਬੈਠਣਗੇ। ਜਦੋਂ ਕਿ ਸਵੇਰੇ 10 ਤੋਂ 11 ਵਜੇ ਤੱਕ ਉਹ ਸੰਗਤਾਂ ਵਿਚ ਬੈਠ ਕੇ ਕੀਰਤਨ ਸੁਣਨਗੇ। ਇਸ ਤੋਂ ਬਾਅਦ 11 ਤੋਂ 12 ਵਜੇ ਤੱਕ ਲੰਗਰ ਵਿਚ ਸੇਵਾ ਕਰਨਗੇ।

# ਸੁਧਾਰ ਲਹਿਰ ਅੱਜ ਸਮਾਪਤ ਕਰ ਦਿਆਂਗੇ-ਪਰਮਿੰਦਰ ਸਿੰਘ ਢੀਂਡਸਾ

ਪਟਿਆਲਾ, 8 ਦਸੰਬਰ (ਸੁਖਵਿੰਦਰ ਸਿੰਘ ਫੁੱਲ)-ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੀ ਅੱਜ ਸਮਾਪਤੀ ਹੋ ਜਾਵੇਗੀ। ਇਹ ਪ੍ਰਗਟਾਵਾ ਕਰਦਿਆਂ ਸੀਨੀਅਰ ਅਕਾਲੀ ਆਗੂ ਪਰਮਿੰਦਰ ਸਿੰਘ ਢੀਂਡਸਾ ਨੇ ਦੱਸਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ, ਇਸੇ ਲਈ ਅਸੀਂ 9 ਦਸੰਬਰ ਨੂੰ ਅੰਮ੍ਰਿਤਸਰ ਵਿਖੇ ਸ਼੍ਰੋਮਣੀ ਅਕਾਲੀ ਦਲ ਸੁਧਾਰ



ਲਹਿਰ ਦੀ ਮੀਟਿੰਗ ਬੁਲਾ ਲਈ ਹੈ। ਉਨ੍ਹਾਂ ਕਿਹਾ ਕਿ ਸੁਧਾਰ ਲਹਿਰ ਦੇ ਆਗੂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰ ਰਹੇ ਹਨ ਜਦਕਿ ਅਕਾਲੀ ਦਲ ਦੇ ਦੂਸਰੇ ਆਗੂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰਨ ਤੋਂ ਆਨੇ-ਬਹਾਨੇ ਕੰਨੀ ਵੱਟ ਰਹੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਨੇ ਅਕਾਲੀ ਦਲ ਨੂੰ ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਤਿੰਨ ਦਿਨਾਂ ਵਿਚ ਪਰਵਾਨ ਕਰਨ ਦੇ ਆਦੇਸ਼ ਦਿੱਤੇ ਸਨ ਪਰ ਇਨ੍ਹਾਂ ਆਦੇਸ਼ਾਂ ਦੀ ਪਾਲਣਾ ਨਹੀਂ ਕੀਤੀ ਗਈ। ਉਨ੍ਹਾਂ ਸਪਸ਼ਟ ਕੀਤਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਉੱਤੇ ਅਕਾਲੀ ਦਲ ਦੀ ਭਰਤੀ ਅਤੇ ਚੋਣ ਲਈ ਜੋ ਕਮੇਟੀ ਬਣੀ ਹੈ ਉਸ ਵਲੋਂ ਜਦ ਕੰਮ ਸ਼ੁਰੂ ਕੀਤਾ ਜਾਵੇਗਾ ਤਾਂ ਅਸੀਂ ਉਸ ਨੂੰ ਸਹਿਯੋਗ ਦੇਵਾਂਗੇ।



ਗੁਲਮਰਗ ਵਿਖੇ ਬਰਫ਼ਬਾਰੀ ਦੌਰਾਨ ਮੰਜ਼ਿਲ ਵੱਲ ਵਧਦੇ ਹੋਏ ਵਾਹਨ।

# 'ਆਪ' ਵਲੋਂ ਕਾਰਪੋਰੇਸ਼ਨ ਚੋਣਾਂ ਲਈ ਸਕ੍ਰੀਨਿੰਗ ਕਮੇਟੀ ਦੇ ਮੈਂਬਰਾਂ ਦਾ ਐਲਾਨ

ਚੰਡੀਗੜ੍ਹ, 8 ਦਸੰਬਰ (ਅਜਾਇਬ ਸਿੰਘ ਔਜਲਾ)- ਆਮ ਆਦਮੀ ਪਾਰਟੀ ਵਲੋਂ ਹੋਣ ਜਾ ਰਹੀਆਂ ਕਾਰਪੋਰੇਸ਼ਨ ਚੋਣਾਂ ਲਈ ਸਕ੍ਰੀਨਿੰਗ ਕਮੇਟੀ ਦੇ ਮੈਂਬਰਾਂ ਦਾ ਐਲਾਨ ਕੀਤਾ ਗਿਆ ਹੈ। 'ਆਪ' ਦੇ ਕੌਮੀ ਜਨਰਲ ਸਕੱਤਰ ਡਾ. ਸੰਦੀਪ ਪਾਠਕ, 'ਆਪ' ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਅਤੇ ਸਟੇਟ ਵਰਕਿੰਗ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੇ ਹਸਤਾਖ਼ਰਾਂ ਹੇਠ ਜਾਰੀ ਕੀਤੇ ਗਏ ਪੱਤਰਾਂ ਵਿਚ ਅੰਮ੍ਰਿਤਸਰ ਮਿਉਂਸਪਲ ਕਾਰਪੋਰੇਸ਼ਨ ਲਈ ਕੈਬਨਿਟ ਮੰਤਰੀ ਕੁਲਦੀਪ ਸਿੰਘ ਇੰਚਾਰਜ ਥਾਪੇ ਗਏ ਹਨ, ਜਦਕਿ ਉਨ੍ਹਾਂ ਨਾਲ ਹੋਰ ਮੈਂਬਰਾਂ ਵਿਚ ਵਿਧਾਇਕ ਡਾ. ਜਸਬੀਰ ਸਿੰਘ, ਅਜੇ ਗੁਪਤਾ, ਜੀਵਨਜੋਤ ਕੌਰ, ਡਾ. ਇੰਦਰਬੀਰ ਸਿੰਘ ਨਿੱਝਰ ਅਤੇ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਇਸੇ ਤਰ੍ਹਾਂ ਮਿਉਂਸਪਲ ਕਾਰਪੋਰੇਸ਼ਨ ਜਲੰਧਰ ਸਕ੍ਰੀਨਿੰਗ ਕਮੇਟੀ ਵਿਚ ਹਰਭਜਨ ਸਿੰਘ ਈ.ਟੀ.ਓ. ਕੈਬਨਿਟ ਮੰਤਰੀ ਨੂੰ ਇੰਚਾਰਜ ਲਗਾਇਆ ਗਿਆ ਹੈ ਤੇ ਉਨ੍ਹਾਂ ਨਾਲ ਮਹਿੰਦਰਪਾਲ ਭਗਤ, ਰਮਨ ਅਰੋੜਾ, ਪਵਨ ਕੁਮਾਰ ਟੀਨੂੰ, ਜਸਵੀਰ ਸਿੰਘ ਰਾਜਾ ਗਿੱਲ, ਦਿਨੇਸ਼ ਧੁੱਲ, ਰਾਜਵਿੰਦਰ ਕੌਰ ਥਿਆੜਾ, ਅਸ਼ਵਨੀ ਅਗਰਵਾਲ, ਅੰਮ੍ਰਿਤਪਾਲ ਸਿੰਘ, ਦੀਪਕ ਬਾਲੀ ਅਤੇ ਚੰਦਨ ਗਰੇਵਾਲ ਨੂੰ ਵੀ ਸੂਚੀ ਵਿਚ ਸ਼ਾਮਿਲ ਕੀਤਾ ਗਿਆ ਹੈ। ਇਸੇ ਲੜੀ ਵਿਚ ਫ਼ਗਵਾੜਾ ਮਿਉਂਸਪਲ ਕਾਰਪੋਰੇਸ਼ਨ ਦੀ ਸਕ੍ਰੀਨਿੰਗ ਕਮੇਟੀ ਦੇ ਇੰਚਾਰਜ ਵਜੋਂ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਦੇ ਨਾਲ ਮੈਂਬਰ ਜਸਵੀਰ ਸਿੰਘ ਰਾਜਾ ਗਿੱਲ, ਜੋਗਿੰਦਰ ਸਿੰਘ ਮਾਨ, ਰਾਜਵਿੰਦਰ ਕੌਰ ਥਿਆੜਾ, ਹਰਮਿੰਦਰ ਸਿੰਘ ਬਖਸ਼ੀ, ਲਲਿਤ ਸਕਲਾਨੀ, ਸੰਤੋਖ ਕੁਮਾਰ ਗੋਗੀ ਵੀ ਸ਼ਾਮਿਲ ਹਨ। ਇਸੇ ਲੜੀ ਵਿਚ ਮਿਉਂਸਪਲ ਕਾਰਪੋਰੇਸ਼ਨ ਪਟਿਆਲਾ ਦੀ ਸਕ੍ਰੀਨਿੰਗ ਕਮੇਟੀ ਲਈ ਇੰਚਾਰਜ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੂੰ ਲਗਾਇਆ ਗਿਆ ਹੈ, ਜਦੋਂ ਕਿ ਉਨ੍ਹਾਂ ਦੇ ਨਾਲ 'ਆਪ' ਦੇ ਸਟੇਟ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ, ਡਾ. ਬਲਬੀਰ ਸਿੰਘ, ਵਿਧਾਇਕ ਅਜੀਤ ਪਾਲ ਸਿੰਘ ਕੋਹਲੀ, ਹਰਮੀਤ ਸਿੰਘ ਪਠਾਨਮਾਜਰਾ ਦੇ ਨਾਲ ਨਾਲ ਰਣਜੋਧ ਸਿੰਘ ਹਡਾਨਾ, ਇੰਦਰਜੀਤ ਸਿੰਘ ਸੰਧੂ, ਮੇਘ ਚੰਦ ਸ਼ੇਰ ਮਾਜਰਾ, ਤਜਿੰਦਰ ਮਹਿਤਾ, ਪ੍ਰੀਤੀ ਮਲਹੋਤਰਾ ਅਤੇ ਕੁੰਦਨ ਗੋਗੀਆ ਦੇ ਨਾਂਅ ਸ਼ਾਮਿਲ ਹਨ।

# ਨਗਰ ਨਿਗਮ ਚੋਣਾਂ ਆਪਣੇ ਨਿਸ਼ਾਨ 'ਤੇ ਲੜੇਗੀ ਬਸਪਾ-ਬੈਣੀਵਾਲ

## ਸੂਬੇ ਦੀ ਸਿਆਸਤ 'ਚ ਮੁੜ ਮਜ਼ਬੂਤੀ ਨਾਲ ਉਭਰੇਗੀ ਬਸਪਾ-ਕਰੀਮਪੁਰੀ

ਜਲੰਧਰ, 8 ਦਸੰਬਰ (ਜਸਪਾਲ ਸਿੰਘ)-ਬਹੁਜਨ ਸਮਾਜ ਪਾਰਟੀ (ਬਸਪਾ) ਵਲੋਂ ਦੇਸ਼ ਭਗਤ ਯਾਦਗਾਰ ਹਾਲ 'ਚ ਡਾ. ਭੀਮ ਰਾਓ ਅੰਬੇਡਕਰ ਦੇ ਪ੍ਰੀਨਿਰਵਾਣ ਦਿਵਸ ਨੂੰ ਸਮਰਪਿਤ ਸੂਬਾ ਪੱਧਰੀ ਸੰਮੇਲਨ ਬਸਪਾ ਦੇ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਦੀ ਅਗਵਾਈ ਵਿਚ ਕਰਵਾਇਆ ਗਿਆ, ਜਿਸ ਵਿਚ ਪਾਰਟੀ ਦੇ ਪੰਜਾਬ-ਚੰਡੀਗੜ੍ਹ ਦੇ ਇੰਚਾਰਜ ਰਣਧੀਰ ਸਿੰਘ ਬੈਣੀਵਾਲ, ਵਿਪੁਲ ਕੁਮਾਰ ਤੇ ਸੂਬਾ ਇੰਚਾਰਜ ਡਾ. ਨਛੱਤਰ ਪਾਲ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਬੈਣੀਵਾਲ ਨੇ ਕਿਹਾ ਕਿ ਪੰਜਾਬ ਵਿਚ ਹੋਣ ਜਾ ਰਹੀਆਂ ਨਗਰ ਨਿਗਮ ਚੋਣਾਂ ਬਸਪਾ ਆਪਣੇ ਚੋਣ ਨਿਸ਼ਾਨ 'ਤੇ ਲੜੇਗੀ। ਵਿਪੁਲ ਕੁਮਾਰ ਨੇ ਪਾਰਟੀ ਵਰਕਰਾਂ ਨੂੰ ਸੰਗਠਨ ਨੂੰ ਮਜ਼ਬੂਤ ਕਰਨ ਲਈ ਡਟਣ ਲਈ ਕਿਹਾ। ਅਵਤਾਰ ਸਿੰਘ ਕਰੀਮਪੁਰੀ ਨੇ ਡਾ. ਅੰਬੇਡਕਰ ਨੂੰ ਨਮਨ ਕਰਦੇ ਹੋਏ ਕਿਹਾ ਕਿ ਸਿੱਖਿਆ ਰਾਸ਼ਟਰ ਨਿਰਮਾਣ ਦਾ ਜ਼ਰੀਆ ਹੈ, ਪਰ ਕੇਂਦਰ ਦੀ ਸੱਤਾ ਵਿਚ ਰਹੀਆਂ ਭਾਜਪਾ-ਕਾਂਗਰਸ ਸਰਕਾਰਾਂ ਤੇ ਸੂਬੇ ਦੀ ਸੱਤਾਧਾਰੀ 'ਆਪ' ਸਰਕਾਰ ਨੇ ਮਾੜੀਆਂ ਨੀਤੀਆਂ ਲਾਗੂ ਕਰਕੇ ਬੱਚਿਆਂ ਤੋਂ ਸਿੱਖਿਆ ਖੋਹਣ ਦਾ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਬਸਪਾ ਪੰਜਾਬ ਵਿਚ ਮਜ਼ਬੂਤੀ ਨਾਲ ਉਭਰੇਗੀ ਅਤੇ ਸੂਬੇ ਦੀ ਸੱਤਾ ਹਾਸਲ ਕਰਕੇ ਲੋਕਾਂ ਨੂੰ ਮਾੜੇ ਹਾਲਾਤ ਵਿਚੋਂ ਬਾਹਰ ਕੱਢੇਗੀ। ਵਿਧਾਇਕ ਡਾ. ਨਛੱਤਰ ਪਾਲ ਨੇ ਕਿਹਾ ਕਿ ਸੂਬੇ ਵਿਚ ਭਾਈਚਾਰਕ ਸਾਂਝ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ, ਜਿਸ ਤੋਂ ਲੋਕਾਂ ਨੂੰ ਇਸ ਤੋਂ ਸੁਚੇਤ ਰਹਿਣਾ ਚਾਹੀਦਾ ਹੈ। ਮੰਚ ਸੰਚਾਲਨ ਸੂਬਾ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ ਨੇ ਕੀਤਾ। ਇਸ ਮੌਕੇ ਸਮਾਜ ਸੇਵਕ ਠੇਕੇਦਾਰ ਭਗਵਾਨ ਦਾਸ ਸਿੱਧੂ, ਮੋਹਨ ਲਾਲ ਭਟੋਆ ਵੱਡੀ ਗਿਣਤੀ ਵਿਚ ਆਪਣੇ ਸਾਥੀਆਂ ਸਮੇਤ ਬਸਪਾ ਵਿਚ ਸ਼ਾਮਿਲ ਹੋਏ। ਇਸ ਮੌਕੇ ਬਲਦੇਵ ਸਿੰਘ ਮਹਿਰਾ, ਠੇਕੇਦਾਰ ਹਰਭਜਨ ਸਿੰਘ ਬਜਹੇੜੀ, ਭਗਵਾਨ ਸਿੰਘ ਚੌਹਾਨ, ਚੌਧਰੀ ਗੁਰਨਾਮ ਸਿੰਘ, ਗੁਰਲਾਲ ਸੈਲਾ, ਦਵਿੰਦਰ ਸਿੰਘ ਰਾਮਗੜ੍ਹੀਆ, ਤਰਸੇਮ ਥਾਪਰ, ਬਲਦੇਵ ਮਹਿਰਾ, ਤੀਰਥ ਰਾਜਪੁਰਾ, ਪ੍ਰਵੀਨ ਬੰਗਾ, ਸੁਖਦੇਵ ਬਿੱਟਾ, ਇੰਜ. ਜਸਵੰਤ ਰਾਏ, ਜਗਦੀਸ਼ ਸ਼ੇਰਪੁਰੀ, ਜਗਦੀਸ਼ ਦੀਸ਼ਾ, ਪਰਮਜੀਤ ਮੱਲ, ਸਲਵਿੰਦਰ ਕੁਮਾਰ, ਜੋਗਾ ਸਿੰਘ ਪਨੌਧੀਆ, ਸੰਤ ਰਾਮ ਮੱਲੀਆਂ, ਉਂਕਾਰ ਨਾਥ, ਚੌਧਰੀ ਖ਼ੁਸ਼ੀ ਰਾਮ ਆਦਿ ਮੌਜੂਦ ਸਨ।

# ਪਾਕਿ ਸਰਕਾਰ ਨੇ ਇਮਰਾਨ ਖ਼ਾਨ ਦੀ ਰਿਹਾਈ ਲਈ ਸੌਦੇ ਦੀ ਕੀਤੀ ਪੇਸ਼ਕਸ਼-ਅਲੀਮਾ ਖ਼ਾਨ

ਅੰਮ੍ਰਿਤਸਰ, 8 ਦਸੰਬਰ (ਸੁਰਿੰਦਰ ਕੋਛੜ)-ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ. ਟੀ. ਆਈ.) ਦੇ ਸੰਸਥਾਪਕ ਇਮਰਾਨ ਖ਼ਾਨ ਦੀ ਭੈਣ ਅਲੀਮਾ ਖ਼ਾਨ ਨੇ ਦਾਅਵਾ ਕੀਤਾ ਹੈ ਕਿ ਸਰਕਾਰ ਨੇ ਪਾਰਟੀ ਦੇ ਚੇਅਰਮੈਨ ਬਰਿਸਟਰ ਗੌਹਰ ਨੂੰ ਇਕ ਸੌਦੇ ਦਾ ਪ੍ਰਸਤਾਵ ਦਿੱਤਾ ਹੈ, ਜਿਸ 'ਚ ਸਾਬਕਾ ਪ੍ਰਧਾਨ ਮੰਤਰੀ ਦੀ ਰਿਹਾਈ ਦੀ ਪੇਸ਼ਕਸ਼ ਕੀਤੀ ਗਈ ਹੈ। 24 ਨਵੰਬਰ ਦੇ ਵਿਰੋਧ ਪ੍ਰਦਰਸ਼ਨਾਂ ਬਾਰੇ ਉਨ੍ਹਾਂ ਨੇ ਦਾਅਵਾ ਕੀਤਾ ਕਿ ਜਦੋਂ ਲੋਕ ਇਕੱਠੇ ਹੋਣੇ ਸ਼ੁਰੂ ਹੋਏ ਤਾਂ ਸਰਕਾਰ ਘਬਰਾ ਗਈ ਸੀ। ਸਰਕਾਰ ਨੇ ਬਰਿਸਟਰ ਗੌਹਰ ਨੂੰ ਬੁਲਾਇਆ ਅਤੇ ਇਮਰਾਨ ਖਾਨ ਨੂੰ ਰਿਹਾਅ ਕਰਨ ਦਾ ਵਾਅਦਾ ਕਰਦੇ ਹੋਏ ਸੰਗਾਨੀ ਵਿਖੇ ਧਰਨਾ ਸਮਾਪਤ ਕਰਨ ਲਈ ਕਿਹਾ ਸੀ। ਲਾਹੌਰ 'ਚ ਅੱਤਵਾਦ ਵਿਰੋਧੀ ਅਦਾਲਤ (ਏ.ਟੀ.ਸੀ.) ਦੇ ਬਾਹਰ ਮੀਡੀਆ ਨਾਲ ਗੱਲ ਕਰਦੇ ਹੋਏ ਅਲੀਮਾ ਨੇ ਜ਼ਿਨਾਹ ਹਾਊਸ ਕੇਸ ਦੀ ਸੁਣਵਾਈ 'ਚ ਲੰਮੀ ਦੇਰੀ 'ਤੇ ਨਿਰਾਸ਼ਾ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਨਿਆਇਕ ਵਿਵਸਥਾ ਲਈ ਇਹ ਵਾਕਿਆ ਸ਼ਰਮਨਾਕ ਹੈ ਕਿ ਉਕਤ ਮਾਮਲੇ 'ਚ ਅਜੇ ਤਕ ਕਾਰਵਾਈ ਹੀ ਸ਼ੁਰੂ ਨਹੀਂ ਕੀਤੀ ਗਈ।



# ਬਿੱਟੂ ਦਾ ਬਿਆਨ ਪਾਰਟੀ ਦੇ ਅਨੁਕੂਲ ਨਹੀਂ-ਕਾਲੀਆ

ਜਲੰਧਰ, 8 ਦਸੰਬਰ (ਸ਼ਿਵ)-ਮਨੋਰੰਜਨ ਕਾਲੀਆ ਮੈਂਬਰ ਰਾਸ਼ਟਰੀ ਕਾਰਜਕਾਰਨੀ ਭਾਰਤੀ ਜਨਤਾ ਪਾਰਟੀ ਨੇ ਜਾਰੀ ਬਿਆਨ ਵਿਚ ਕਿਹਾ ਹੈ ਕਿ ਕਿ ਭਾਰਤੀ ਜਨਤਾ ਪਾਰਟੀ ਨੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਹੋਏ ਹਮਲੇ ਦੀ ਨਿੰਦਾ ਕੀਤੀ ਹੈ ਤੇ ਜਦੋਂ ਉਹ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਵੇਸ਼ ਦੁਆਰ 'ਤੇ ਸੇਵਾਦਾਰ ਵਜੋਂ ਸੇਵਾ ਨਿਭਾ ਰਹੇ ਸਨ। ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵਲੋਂ ਹਮਲਾਵਰ ਦੀ ਤਾਰੀਫ਼ ਕਰਨ ਵਾਲਾ ਹਾਲੀਆ ਬਿਆਨ ਪਾਰਟੀ ਦੇ ਅਨੁਕੂਲ ਨਹੀਂ ਹੈ ਤੇ ਅਜਿਹੇ ਸਿਆਸੀ ਬਿਆਨ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਜੋ ਆਖ਼ਿਰਕਾਰ ਪੰਜਾਬ ਦੇ ਸਿਆਸੀ ਅਤੇ ਸਮਾਜਿਕ ਤਾਣੇ-ਬਾਣੇ ਅਤੇ ਭਾਈਚਾਰਕ ਸਾਂਝ ਨੂੰ ਨੁਕਸਾਨ ਪਹੁੰਚਾਉਂਦੇ ਹਨ।



# ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣਾ ਮੰਦਭਾਗਾ-ਮਾਨ

ਪਟਿਆਲਾ, 8 ਦਸੰਬਰ (ਸੁਖਵਿੰਦਰ ਸਿੰਘ ਫੁੱਲ)-ਸੀਨੀਅਰ ਅਕਾਲੀ ਆਗੂ ਬਲਦੇਵ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੂੰ ਹਰਿਆਣਾ ਰਾਹੀਂ ਦਿੱਲੀ ਜਾਣ ਤੋਂ ਰੋਕਣਾ ਲੋਕਤੰਤਰ ਪ੍ਰਣਾਲੀ 'ਤੇ ਹਮਲਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵੀ ਦੇਸ਼ ਦਾ ਹਿੱਸਾ ਹੈ ਅਤੇ ਇਥੋਂ ਦੇ ਕਿਸਾਨਾਂ ਨੂੰ ਆਪਣੀਆਂ ਮੰਗਾਂ ਨੂੰ ਲੈ ਕੇ ਦਿੱਲੀ ਜਾਣ ਤੋਂ ਰੋਕਣਾ ਸਮਝ ਤੋਂ ਬਾਹਰ ਹੈ। ਮਾਨ ਨੇ ਕਿਹਾ ਕਿ ਪੰਜਾਬ ਦੇ ਕਿਸਾਨ ਨੇ ਔਖੇ ਸਮੇਂ ਦੇਸ਼ ਨੂੰ ਅਨਾਜ ਦੇ ਸੰਕਟ ਵਿਚੋਂ ਬਾਹਰ ਲਿਆਂਦਾ ਪਰ ਹੁਣ ਉਸ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ।



# ਸ਼ਹੀਦੀ ਪੰਦਰ੍ਹਵਾੜੇ ਦੌਰਾਨ ਨਗਰ ਨਿਗਮ ਚੋਣਾਂ ਕਰਵਾਉਣਾ ਮੰਦਭਾਗਾ-ਧਾਮੀ

ਫ਼ਤਹਿਗੜ੍ਹ ਸਾਹਿਬ, 8 ਦਸੰਬਰ (ਬਲਜਿੰਦਰ ਸਿੰਘ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਚੋਣ ਕਮਿਸ਼ਨ ਵਲੋਂ 21 ਦਸੰਬਰ ਨੂੰ ਨਗਰ ਨਿਗਮ ਤੇ ਨਗਰ ਕੌਂਸਲ ਚੋਣਾਂ ਕਰਵਾਏ ਜਾਣ ਸੰਬੰਧੀ ਜਾਰੀ ਕੀਤੇ ਪ੍ਰੋਗਰਾਮ ਨੂੰ ਅੱਗੇ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਦਸੰਬਰ ਮਹੀਨਾ ਸਿੱਖ ਇਤਿਹਾਸ ਅੰਦਰ ਵੱਡੀ ਮਹੱਤਤਾ ਰੱਖਦਾ ਹੈ, ਕਿਉਂਕਿ ਇਨ੍ਹਾਂ ਦਿਨਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਅਤੇ ਸਿੰਘਾਂ ਦੀਆਂ ਸ਼ਹਾਦਤਾਂ ਹੋਈਆਂ ਸਨ, ਜਿਸ ਕਰਕੇ ਦਸੰਬਰ ਮਹੀਨੇ ਵਿਚ ਸ਼ਹੀਦੀ ਪੰਦਰ੍ਹਵਾੜਾ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਮੁੱਚੀ ਸਿੱਖ ਕੌਮ ਸ਼ਹੀਦੀ ਪੰਦਰ੍ਹਵਾੜਾ ਦੌਰਾਨ ਵੈਰਾਗ 'ਚੋਂ ਲੰਘਦੀ ਹੈ ਅਤੇ ਇਸ ਦੌਰਾਨ ਕਿਸੇ ਵੀ ਤਰ੍ਹਾਂ ਦੇ ਖ਼ੁਸ਼ੀ ਵਾਲੇ ਸਮਾਗਮਾਂ ਤੋਂ ਗੁਰੇਜ਼ ਕੀਤਾ ਜਾਂਦਾ ਹੈ, ਪਰ ਚੋਣ ਕਮਿਸ਼ਨ ਵਲੋਂ ਸ਼ਹੀਦੀ ਪੰਦਰ੍ਹਵਾੜੇ ਦੌਰਾਨ ਨਗਰ ਨਿਗਮ ਚੋਣਾਂ ਕਰਵਾਉਣ ਨਾਲ ਖ਼ਾਲਸਾ ਪੰਥ ਦੀਆਂ ਭਾਵਨਾਵਾਂ ਨੂੰ ਵੱਡੀ ਠੇਸ ਪਹੁੰਚੇਗੀ। ਇਸ ਲਈ ਸ਼ਹੀਦੀ ਪੰਦਰ੍ਹਵਾੜੇ ਦੀ ਇਤਿਹਾਸਿਕ ਮਹੱਤਤਾ ਨੂੰ ਮੁੱਖ ਰੱਖ ਕੇ ਨਗਰ ਨਿਗਮ ਚੋਣਾਂ ਅੱਗੇ ਪਾਈਆਂ ਜਾਣ।



# ਸਿੱਖ ਭਾਵਨਾਵਾਂ ਦੇ ਮੱਦੇਨਜ਼ਰ 21 ਦਸੰਬਰ ਨੂੰ ਨਗਰ ਨਿਗਮ ਤੇ ਨਗਰ ਕੌਂਸਲ ਚੋਣਾਂ ਨਾ ਕਰਵਾਈਆਂ ਜਾਣ-ਡਾ. ਚੀਮਾ

ਚੰਡੀਗੜ੍ਹ, 8 ਦਸੰਬਰ (ਅਜੀਤ ਬਿਊਰੋ) - ਸ਼੍ਰੋਮਣੀ ਅਕਾਲੀ ਦਲ ਨੇ ਰਾਜ ਚੋਣ ਕਮਿਸ਼ਨ ਵਲੋਂ ਪੰਜ ਨਗਰ ਨਿਗਮ ਚੋਣਾਂ ਅਤੇ 43 ਨਗਰ ਕੌਂਸਲਾਂ ਦੀਆਂ ਚੋਣਾਂ 21 ਦਸੰਬਰ ਨੂੰ ਕਰਵਾਉਣ ਦੇ ਫ਼ੈਸਲੇ ਖ਼ਿਲਾਫ਼ ਸਖ਼ਤ ਰੋਸ ਜ਼ਾਹਿਰ ਕੀਤਾ ਅਤੇ ਕਿਹਾ ਕਿ ਜਦੋਂ ਸਮੁੱਚੀ ਸਿੱਖ ਕੌਮ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਦਿਹਾੜੇ ਮਨਾਉਂਦੀ ਹੈ, ਉਦੋਂ ਇਹ ਚੋਣਾਂ ਕਰਵਾਉਣ ਦੇ ਫ਼ੈਸਲੇ ਨਾਲ ਸਿੱਖ ਭਾਵਨਾਵਾਂ ਨੂੰ ਡੂੰਘੀ ਸੱਟ ਵੱਜੀ ਹੈ। ਇਥੇ ਜਾਰੀ ਬਿਆਨ ਵਿਚ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਰਾਜ ਚੋਣ ਕਮਿਸ਼ਨ ਨੇ 21 ਦਸੰਬਰ ਨੂੰ ਚੋਣਾਂ ਕਰਵਾਉਣ ਦਾ ਫ਼ੈਸਲਾ ਕੀਤਾ ਹੈ ਜਦੋਂ ਕਿ ਇਹ ਦਿਹਾੜਾ ਗੁਰੂ ਸਾਹਿਬ ਦੇ ਦੋ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਵਜੋਂ ਮਨਾਇਆ ਜਾਂਦਾ ਹੈ। ਡਾ. ਚੀਮਾ ਨੇ ਕਮਿਸ਼ਨ ਤੋਂ ਮੰਗ ਕੀਤੀ ਕਿ ਸਥਾਨਕ ਸਰਕਾਰ ਦੀਆਂ ਚੋਣਾਂ ਜਨਵਰੀ ਵਿਚ ਕਰਵਾਉਣ ਦੇ ਤਾਜ਼ਾ ਹੁਕਮ ਜਾਰੀ ਕੀਤੇ ਜਾਣ। ਡਾ. ਚੀਮਾ ਨੇ ਇਹ ਵੀ ਐਲਾਨ ਕੀਤਾ ਕਿ ਅਕਾਲੀ ਦਲ ਇਹ ਚੋਣਾਂ ਲੜੇਗਾ ਅਤੇ ਪਾਰਟੀ ਉਮੀਦਵਾਰਾਂ ਦੀ ਚੋਣ ਸਮੇਤ ਹੋਰ ਰਣਨੀਤੀ ਤੈਅ ਕਰਨ ਲਈ ਲੋੜੀਂਦੀਆਂ ਮੀਟਿੰਗਾਂ ਵੀ ਹੋਣਗੀਆਂ।



# ਉਲਝਣਦਾਰ ਵਾਰਡਬੰਦੀ ਦੇ ਚੱਲਦਿਆਂ ਤਰਨ ਤਾਰਨ ਨਗਰ ਕੌਂਸਲ ਦੀ ਚੋਣ ਮੁਲਤਵੀ

## ਨਵੀਆਂ ਬਣੀਆਂ 27 ਵਾਰਡਾਂ ਦੀ ਬਜਾਏ 23 ਵਾਰਡਾਂ 'ਚ ਕੀਤੀ ਜਾਣ ਵਾਲੀ ਚੋਣ ਬਣੀ ਅੜਿੱਕਾ

ਤਰਨ ਤਾਰਨ, 8 ਦਸੰਬਰ (ਹਰਿੰਦਰ ਸਿੰਘ)-ਚੋਣ ਕਮਿਸ਼ਨ ਵਲੋਂ ਪੰਜਾਬ ਵਿਚ ਕਰਵਾਈਆਂ ਜਾ ਰਹੀਆਂ ਨਗਰ ਨਿਗਮ ਅਤੇ ਨਗਰ ਕੌਂਸਲ ਦੀਆਂ ਚੋਣਾਂ ਵਿਚ ਨਗਰ ਕੌਂਸਲ ਤਰਨ ਤਾਰਨ ਦੀ ਵੀ ਚੋਣ ਹੋਣੀ ਸੀ, ਪਰ ਉਲਝਣਦਾਰ ਵਾਰਡਬੰਦੀ ਦੇ ਚੱਲਦਿਆਂ ਸਰਕਾਰ ਵਲੋਂ ਤਰਨ ਤਾਰਨ ਦੀ ਹੋਣ ਵਾਲੀ ਨਗਰ ਕੌਂਸਲ ਦੀ ਚੋਣ ਨੂੰ ਮੁਲਤਵੀ ਕਰ ਦਿੱਤਾ ਗਿਆ ਅਤੇ ਹੁਣ ਅਗਲੇ ਹੁਕਮਾਂ ਤੋਂ ਬਾਅਦ ਹੀ ਨਵੀਂ ਦਿੱਤੀ ਜਾਣ ਵਾਲੀ ਤਰੀਕ ਤੋਂ ਤਰਨ ਤਾਰਨ ਨਗਰ ਕੌਂਸਲ ਦੀ ਚੋਣ ਹੋ ਸਕੇਗੀ। ਸਾਲ 2020 ਤੋਂ ਨਗਰ ਕੌਂਸਲ ਦੇ ਚੁਣੇ ਹੋਏ ਕੌਂਸਲਰਾਂ ਦੀ ਮਿਆਦ ਖ਼ਤਮ ਹੋ ਚੁੱਕੀ ਹੈ ਅਤੇ ਨਗਰ ਕੌਂਸਲ ਦਾ ਪ੍ਰਬੰਧ ਐੱਸ.ਡੀ.ਐੱਮ. ਤਰਨ ਤਾਰਨ ਵਲੋਂ ਪ੍ਰਬੰਧਕ ਦੇ ਤੌਰ 'ਤੇ ਚਲਾਇਆ ਜਾ ਰਿਹਾ ਹੈ। ਸਾਲ 2015 ਵਿਚ ਤਰਨ ਤਾਰਨ ਸ਼ਹਿਰ ਦੀਆਂ 23 ਵਾਰਡਾਂ 'ਤੇ ਚੋਣ ਹੋਈ ਸੀ ਜਦਕਿ ਇਸ ਤੋਂ ਪਹਿਲਾਂ 2010 ਵਿਚ 19 ਵਾਰਡਾਂ 'ਤੇ ਚੋਣ ਹੋਈ ਸੀ। ਸਾਲ 2015 ਵਿਚ ਅਕਾਲੀ ਦਲ ਨੇ ਨਗਰ ਕੌਂਸਲ 'ਤੇ ਕਬਜ਼ਾ ਕੀਤਾ ਸੀ ਅਤੇ ਭੁਪਿੰਦਰ ਸਿੰਘ ਖੇੜਾ ਪ੍ਰਧਾਨ ਚੁਣੇ ਗਏ ਸਨ। ਕਾਂਗਰਸ ਸਰਕਾਰ ਬਣਨ 'ਤੇ ਸਾਲ 2020 ਵਿਚ ਨਵੀਂ ਵਾਰਡਬੰਦੀ ਕਰਦਿਆਂ 23 ਵਾਰਡਾਂ ਤੋਂ 25 ਵਾਰਡਾਂ ਕਰ ਦਿੱਤੀਆਂ ਗਈਆਂ ਸਨ। ਜਿਸ ਦੇ ਵਿਰੋਧ ਵਿਚ ਸਾਬਕਾ ਪ੍ਰਧਾਨ ਭੁਪਿੰਦਰ ਸਿੰਘ ਖੇੜਾ ਅਤੇ ਸਾਬਕਾ ਕੌਂਸਲਰ ਸਰਬਜੀਤ ਸਿੰਘ ਲਾਲੀ ਵਸੀਕਾ ਵਲੋਂ ਹਾਈ ਕੋਰਟ ਵਿਚ ਰਿੱਟ ਪਾ ਕੇ ਦੁਬਾਰਾ ਵਾਰਡਬੰਦੀ ਕਰਵਾਉਣ ਦੀ ਮੰਗ ਕੀਤੀ ਸੀ। ਹਾਈਕੋਰਟ ਵਲੋਂ ਸੰਬੰਧਿਤ ਵਿਭਾਗ ਨੂੰ ਨਵੀਂ ਵਾਰਡਬੰਦੀ ਕਰਵਾਉਣ ਦੀ ਹਦਾਇਤ ਕੀਤੀ ਗਈ ਸੀ। ਇਸ ਤੋਂ ਬਾਅਦ ਨਵੀਂ ਵਾਰਡਬੰਦੀ ਕਰਕੇ ਕੁੱਲ 27 ਵਾਰਡਾਂ ਵਧਾ ਦਿੱਤੀਆਂ ਗਈਆਂ, ਜਿਨ੍ਹਾਂ ਵਿਚ ਤਰਨਤਾਰਨ ਦੇ ਨਜ਼ਦੀਕੀ ਪਿੰਡ ਮੱਲੀਆਂ ਖੁਰਦ, ਕਾਜੀਕੋਟ, ਨਾਲਾਗੜ੍ਹ, ਕੱਕਾ ਕੰਡਿਆਲਾ, ਪੰਡੋਰੀ ਗੋਲਾ, ਬੱਚੜੇ ਅਤੇ ਪਿੰਡ ਮੁਰਾਦਪੁਰ ਨੂੰ ਵੀ ਤਰਨ ਤਾਰਨ ਨਗਰ ਕੌਂਸਲ ਦੀ ਹੱਦ ਅੰਦਰ ਸ਼ਾਮਿਲ ਕਰ ਲਿਆ ਗਿਆ ਸੀ। ਹਾਲ ਹੀ ਵਿਚ ਹੋਈਆਂ ਪੰਚਾਇਤੀ ਚੋਣਾਂ ਵਿਚ ਉਕਤ ਪਿੰਡਾਂ ਦੇ ਨਗਰ ਕੌਂਸਲ ਵਿਚ ਸ਼ਾਮਿਲ ਕਰਨ ਕਰਕੇ ਇਨ੍ਹਾਂ ਪਿੰਡਾਂ ਵਿਚ ਪੰਚਾਇਤੀ ਚੋਣਾਂ ਨਹੀਂ ਹੋਈਆਂ ਸਨ। ਹੁਣ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਸਰਕਾਰ ਨੂੰ ਪੁਰਾਣੀ ਵਾਰਡਬੰਦੀ ਅਨੁਸਾਰ ਹੀ ਪੰਜਾਬ ਵਿਚ ਚੋਣਾਂ ਕਰਵਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ, ਜਿਸ ਕਰਕੇ ਪੁਰਾਣੀ ਵਾਰਡਬੰਦੀ ਅਨੁਸਾਰ ਤਰਨ ਤਾਰਨ ਵਿਚ ਆਉਂਦੀਆਂ ਸਿਰਫ਼ 23 ਵਾਰਡਾਂ ਵਿਚ ਚੋਣ ਕਰਵਾਉਣ ਲਈ ਨੋਟੀਫਿਕੇਸ਼ਨ ਜਾਰੀ ਹੋਇਆ ਸੀ ਅਤੇ ਜਿਹੜੇ ਪਿੰਡ ਸ਼ਹਿਰ ਵਿਚ ਸ਼ਾਮਿਲ ਕੀਤੇ ਗਏ ਸਨ, ਉਹ ਇਸ ਚੋਣ ਤੋਂ ਵੀ ਵਾਂਝੇ ਹੋ ਗਏ ਸਨ। ਹੁਣ ਦੁਬਾਰਾ ਭੁਪਿੰਦਰ ਸਿੰਘ ਖੇੜਾ ਅਤੇ ਸਰਬਜੀਤ ਸਿੰਘ ਲਾਲੀ ਵਸੀਕਾ ਵਲੋਂ ਹਾਈ ਕੋਰਟ ਵਿਚ ਰਿੱਟ ਦਾਇਰ ਕਰਕੇ ਇਨ੍ਹਾਂ ਪਿੰਡਾਂ ਦਾ ਹਵਾਲਾ ਦੇ ਕੇ ਚੋਣ ਨੂੰ ਸਹੀ ਢੰਗ ਨਾਲ ਕਰਵਾਉਣ ਦੀ ਅਪੀਲ ਕੀਤੀ ਸੀ, ਜਿਸ 'ਤੇ ਹਾਈ ਕੋਰਟ ਵਲੋਂ ਸਰਕਾਰ ਨੂੰ ਰਿੱਟ ਪਟੀਸ਼ਨ ਦਾਇਰ ਕਰਨ ਵਾਲੀ ਧਿਰ ਨੂੰ ਗੰਭੀਰਤਾ ਨਾਲ ਸੁਨਣ ਲਈ ਕਿਹਾ ਗਿਆ ਸੀ। ਡਿਪਟੀ ਕਮਿਸ਼ਨਰ ਤਰਨ ਤਾਰਨ ਅਤੇ ਸਥਾਨਿਕ ਸਰਕਾਰਾਂ ਵਿਭਾਗ ਦੇ ਸਕੱਤਰ ਵਲੋਂ ਰਿੱਟ ਪਾਉਣ ਵਾਲੇ ਉਕਤ ਵਿਅਕਤੀਆਂ ਨੂੰ ਬੁਲਾ ਕੇ ਸਾਰੀ ਗੱਲ ਸੁਣੀ ਗਈ ਅਤੇ ਵਾਂਝੇ ਰਹਿ ਗਏ ਪਿੰਡਾਂ ਦੇ ਲੋਕਾਂ ਅਤੇ ਹੋਰ ਸਮੱਸਿਆਵਾਂ ਨੂੰ ਵੀ ਸੁਣਿਆ ਗਿਆ। ਜਿਸ ਤੋਂ ਬਾਅਦ ਹੁਣ ਇਹ ਫ਼ੈਸਲਾ ਲਿਆ ਗਿਆ ਕਿ ਚੋਣ ਕਮਿਸ਼ਨਰ ਵਲੋਂ ਐਲਾਨੀਆਂ ਗਈਆਂ ਨਗਰ ਕੌਂਸਲ ਅਤੇ ਨਗਰ ਨਿਗਮ ਦੀਆਂ ਚੋਣਾਂ ਵਿਚ ਤਰਨ ਤਾਰਨ ਨਗਰ ਕੌਂਸਲ ਦੀ ਚੋਣ ਨਹੀਂ ਹੋਵੇਗੀ ਅਤੇ ਵਾਰਡਬੰਦੀ ਦੀ ਦਰੁਸਤੀ ਤੋਂ ਬਾਅਦ ਹੀ ਤਰਨ ਤਾਰਨ ਨਗਰ ਕੌਂਸਲ ਦੀ ਚੋਣ ਕੀਤੀ ਜਾਵੇਗੀ। ਐੱਸ.ਡੀ.ਐੱਮ. ਅਰਵਿੰਦਰਪਾਲ ਸਿੰਘ ਨੇ ਕਿਹਾ ਕਿ ਸਰਕਾਰ ਦੇ ਹੁਕਮਾਂ ਅਨੁਸਾਰ ਅੱਗੇ ਜੋ ਤਰੀਕ ਦਿੱਤੀ ਜਾਵੇਗੀ ਉਸ ਅਨੁਸਾਰ ਨਗਰ ਕੌਂਸਲ ਦੀ ਚੋਣ ਕਰਵਾਈ ਜਾਵੇਗੀ।



ਜਾਣਕਾਰੀ ਦਿੰਦੇ ਹੋਏ ਭੁਪਿੰਦਰ ਸਿੰਘ ਖੇੜਾ, ਸਰਬਜੀਤ ਸਿੰਘ ਲਾਲੀ ਤੇ ਹੋਰ।

# 2 ਆਈ.ਪੀ.ਐਸ. ਅਧਿਕਾਰੀਆਂ ਦੇ ਤਬਾਦਲੇ

ਚੰਡੀਗੜ੍ਹ, 8 ਦਸੰਬਰ (ਅਜੀਤ ਬਿਊਰੋ)-ਪੰਜਾਬ ਸਰਕਾਰ ਵਲੋਂ ਅੱਜ ਦੋ ਆਈ.ਪੀ.ਐਸ. ਅਧਿਕਾਰੀਆਂ ਦੇ ਤਬਾਦਲੇ ਪ੍ਰਸ਼ਾਸਕੀ ਆਧਾਰ 'ਤੇ ਕੀਤੇ ਗਏ ਹਨ, ਜਿਸ ਅਨੁਸਾਰ ਜਗਦਲੇ ਨਿਲੰਬਰੀ ਵਿਜੇ ਨੂੰ ਡੀ.ਆਈ.ਜੀ. ਕਾਊਂਟਰ ਇੰਟੈਲੀਜੈਂਸ ਪੰਜਾਬ, ਐਸ.ਏ.ਐਸ. ਨਗਰ ਅਤੇ ਜੇ ਏਲੈਂਚੇਜ਼ੀਅਨ ਨੂੰ ਡਾਇਰੈਕਟਰ ਵਿਜੀਲੈਂਸ ਬਿਊਰੋ ਪੰਜਾਬ ਲਗਾਇਆ ਗਿਆ ਹੈ।

## ਜੂਨੀਅਰ ਮਹਿਲਾ ਹਾਕੀ ਏਸ਼ੀਆ ਕੱਪ

# ਭਾਰਤ ਨੇ ਬੰਗਲਾਦੇਸ਼ ਨੂੰ 13-1 ਨਾਲ ਹਰਾਇਆ

ਮਸਕਟ, 8 ਦਸੰਬਰ (ਏਜੰਸੀ)- ਮਮਤਾਜ਼ ਖਾਨ ਦੇ 4 ਗੋਲਾਂ ਦੇ ਇਲਾਵਾ ਕਨਿਕਾ ਸਿਵਾਚ ਤੇ ਦੀਪਿਕਾ ਦੀ ਹੈਟ੍ਰਿਕ ਦੀ ਮਦਦ ਨਾਲ ਮੌਜੂਦਾ ਚੈਂਪੀਅਨ ਭਾਰਤ ਨੇ ਐਤਵਾਰ ਨੂੰ ਇਥੇ ਮਹਿਲਾ ਜੂਨੀਅਰ ਏਸ਼ੀਆ ਕੱਪ ਹਾਕੀ ਟੂਰਨਾਮੈਂਟ 'ਚ ਬੰਗਲਾਦੇਸ਼ ਨੂੰ 13-1 ਨਾਲ ਹਰਾ ਕੇ ਆਪਣੀ ਮੁਹਿੰਮ ਦੀ ਸ਼ਾਨਦਾਰ ਸ਼ੁਰੂਆਤ ਕੀਤੀ। ਪੂਲ ਏ ਦੇ ਮੈਚ 'ਚ ਜੇਤੂ ਟੀਮ ਲਈ ਮੁਮਤਾਜ (27ਵੇਂ, 32ਵੇਂ, 53ਵੇਂ, 58ਵੇਂ), ਕਨਿਕਾ (12ਵੇਂ, 51ਵੇਂ, 52ਵੇਂ), ਦੀਪਿਕਾ (7ਵੇਂ, 20ਵੇਂ, 55ਵੇਂ), ਮਨੀਸ਼ਾ (10ਵੇਂ), ਬਿਊਟੀ ਡੁੰਗ ਡੁੰਗ (33ਵੇਂ) ਅਤੇ ਉਪ ਕਪਤਾਨ ਸਾਕਸ਼ੀ ਰਾਣਾ (43ਵੇਂ) ਨੇ ਗੋਲ ਦਾਗੇ, ਜਦੋਂ ਕਿ ਬੰਗਲਾਦੇਸ਼ ਵਲੋਂ ਓਰਪਿਤਾ ਪਾਲ (12ਵੇਂ) ਹੀ ਇਕਮਾਤਰ ਗੋਲ ਕਰਨ ਵਾਲੀ ਖਿਡਾਰਨ ਰਹੀ। ਭਾਰਤ ਨੇ ਪੂਰੇ ਮੈਚ 'ਚ ਦਬਦਬਾ ਬਣਾਈ ਰੱਖਿਆ ਅਤੇ ਆਰਾਮ ਨਾਲ ਜਿੱਤ ਦਰਜ ਕੀਤੀ। ਭਾਰਤ ਸੋਮਵਾਰ ਨੂੰ ਆਪਣੀ ਦੂਸਰੀ ਗਰੁੱਪ ਖੇਡ 'ਚ ਮਲੇਸ਼ੀਆ ਨਾਲ ਭਿੜੇਗਾ। ਟੀਮ ਇਥੇ ਆਪਣਾ ਖਿਤਾਬ ਬਚਾਉਣ ਦੇ ਇਲਾਵਾ ਅਗਲੇ ਸਾਲ ਚਿੱਲੀ ਦੇ ਸੈਂਟਿਯਾਗੋ 'ਚ ਹੋਣ ਵਾਲੇ ਜੂਨੀਅਰ ਵਿਸ਼ਵ ਕੱਪ ਲਈ ਸਿੱਧੇ ਕੁਆਲੀਫਾਈ ਕਰਨ ਦੀ ਉਮੀਦ ਵੀ ਕਰ ਰਹੀ ਹੈ। ਸੈਮੀਫਾਈਨਲ 'ਚ ਪਹੁੰਚਣ ਵਾਲੀਆਂ ਚਾਰਾਂ ਟੀਮਾਂ ਨੂੰ ਵਿਸ਼ਵ ਕੱਪ 'ਚ ਸਿੱਧੇ ਪ੍ਰਵੇਸ਼ ਮਿਲੇਗਾ।

